## ਅੰਗਰੇਜ਼ੀ ਟਾਈਪ ਟੈਸਟ ਬਾਰੇ:

(ੳ) ਪ੍ਰਾਰਥੀ ਨੂੰ ਦੋ ਜਾਂ ਤਿੰਨ ਮਿੰਟ ਦਾ ਸਮਾਂ ਪਹਿਲਾਂ ਪ੍ਰੈਕਟਿਸ ਕਰਨ ਲਈ ਦਿੱਤਾ ਜਾਵੇਗਾ ਅਤੇ ਉਸ ਤੋਂ ਉਪਰੰਤ 10 ਮਿੰਟਾਂ ਦਾ ਟੈਸਟ ਦਿੱਤਾ ਜਾਵੇਗਾ ਜਿਸ ਵਿਚ ਘੱਟੋ ਘੱਟ 300 ਸ਼ਬਦ ਹੋਣਗੇ।

(ਅ) ਸ਼ਬਦ ਗਿਣਦੇ ਸਮੇਂ ਗਿਣਤੀ ਸ਼ਬਦਾਂ ਦੀ ਥਾਂ ਸਟਰੋਕਾਂ ਦੀ ਹੀ ਕੀਤੀ ਜਾਵੇਗੀ। ਪੰਜ ਸਟਰੋਕਾਂ ਦਾ ਇੱਕ ਸ਼ਬਦ ਮੰਨਿਆ ਜਾਵੇਗਾ

(ੲ) ਘੱਟੋ ਘੱਟ 30 ਸ਼ਬਦ ਪ੍ਰਤੀ ਮਿੰਟ ਸਪੀਡ ਕੱਢਣ ਵਾਲੇ ਪ੍ਰਾਰਥੀ ਨੂੰ ਪਾਸ ਸਮਝਿਆ ਜਾਵੇਗਾ।

(ਸ) ਸਪੇਸ ਨਾ ਛੱਡਣਾ, ਵਾਧੂ ਟਾਈਪ ਕੀਤੇ ਸ਼ਬਦ, ਦੂਹਰੇ ਟਾਈਪ ਕੀਤੇ ਸ਼ਬਦ, ਪੈਰ੍ਹਾਂ ਨਾ ਛੱਡਣਾ, ਵਿਸ਼ਰਾਮ ਚਿੰਨ, ਕਾਮਾ, ਸੈਮੀਕਾਲਨ ਆਦਿ ਦਾ ਨਾ ਟਾਈਪ ਕਰਨਾ ਗਲਤੀ ਗਿਣੀ ਜਾਵੇਗੀ।

(ਹ) ਹਰ ਇਕ ਗਲਤੀ ਭਾਵੇਂ ਬਾਰ ਬਾਰ ਹੋਵੇ ਗਲਤੀ ਗਿਣੀ ਜਾਵੇਗੀ।

(ਕ) ਸਾਫਟਵੇਅਰ ਵਿੱਚ Highlight ਕੀਤੇ ਗਏ ਸ਼ਬਦ ਨੂੰ ਟਾਈਪ ਨਾ ਕਰਨ ‘ਤੇ ਗ਼ਲਤੀ ਮੰਨੀ ਜਾਵੇਗੀ।

(ਖ) ਟਾਈਪ ਕੀਤੇ ਹੋਏ ਸ਼ਬਦ ਦੀ ਸੋਧ, ਸਪੇਸ (Space) ਦੱਬਣ ਤੋਂ ਪਹਿਲਾ-ਪਹਿਲਾ ਹੀ ਕੀਤੀ ਜਾ ਸਕਦੀ ਹੈ।

## ਪੰਜਾਬੀ ਟਾਈਪ ਟੈਸਟ ਬਾਰੇ:

(ੳ) ਪੰਜਾਬੀ ਟਾਈਪ ਪ੍ਰੀਖਿਆ ਘੱਟੋ ਘੱਟ 30 ਸ਼ਬਦ ਪ੍ਰਤੀ ਮਿੰਟ ਦੀ ਸਪੀਡ ਤੇ ਪਾਸ ਕਰਨੀ ਲਾਜ਼ਮੀ ਹੈ।

(ਅ) ਪੰਜਾਬੀ ਟਾਈਪ ਦੀ ਪ੍ਰੀਖਿਆ ਲਈ 10 ਮਿੰਟ ਦਾ ਇਕ ਪੈਰ੍ਹਾਂ ਦਿੱਤਾ ਜਾਵੇਗਾ ਜਿਸ ਵਿਚ ਘਟੋ ਘੱਟ 300 ਸ਼ਬਦ ਹੋਣਗੇ।

(ੲ) ਸਪੇਸ ਨਾ ਛੱਡਣਾ, ਵਾਧੂ ਟਾਈਪ ਕੀਤੇ ਸ਼ਬਦ, ਦੂਹਰੇ ਟਾਈਪ ਕੀਤੇ ਸ਼ਬਦ, ਪੈਰ੍ਹਾਂ ਨਾ ਛੱਡਣਾ, ਵਿਸ਼ਰਾਮ ਚਿੰਨ, ਸੈਮੀਕਾਲਨ ਆਦਿ ਦਾ ਨਾ ਟਾਈਪ ਕਰਨਾ ਗਲਤੀ ਗਿਣੀ ਜਾਵੇਗੀ। ਕਾਮੇ (,) ਦੀ ਕੋਈ ਗਲਤੀ ਨਹੀਂ ਗਿਣੀ ਜਾਵੇਗੀ ਕਿਉਂਕਿ ਸ਼ਬਦ ਗਿਣਦੇ ਸਮੇਂ ਇਨ੍ਹਾਂ ਨੂੰ ਨਹੀਂ ਗਿਣਿਆ ਜਾਂਦਾ।

(ਸ) ਟਾਈਪ ਕੀਤੇ ਕੁੱਲ ਸ਼ਬਦਾਂ ਵਿਚੋ 8% ਗਲਤੀਆਂ ਮਾਫ਼ ਹੋਣਗੀਆ। 8% ਤੋਂ ਵੱਧ ਗਲਤੀਆਂ ਹੋਣ ਦੀ ਸੂਰਤ ਵਿਚ ਉਮੀਦਵਾਰ ਫੇਲ੍ਹ ਸਮਝਿਆ ਜਾਵੇਗਾ।

(ਹ) ਹਰ ਇਕ ਗਲਤੀ ਭਾਵੇਂ ਬਾਰ ਬਾਰ ਹੋਵੇ ਗਲਤੀ ਗਿਣੀ ਜਾਵੇਗੀ।

(ਕ) ਪਰਚੇ ਵਿਚ ਪੈਰਾ ਛੱਡਿਆ ਗਿਆ ਹੋਵੇ, ਪਰ ਉਮੀਦਵਾਰ ਪੈਰ੍ਹਾਂ ਨਾ ਛੱਡੇ ਤਾਂ ਇਕ ਗਲਤੀ ਗਿਣੀ ਜਾਵੇਗੀ।

(ਖ) ਬਿੰਦੀ ਅਤੇ ਲਗਾ-ਮਾਤਰਾ ਦੀ ਉਲੰਘਣਾ ਕਰਨ ਦੀ ਇਕ ਗਲਤੀ ਮੰਨੀ ਜਾਵੇਗੀ।

(ਘ) ਪੈਨ ਜਾਂ ਪੈਨਸਲ ਨਾਲ ਕੀਤੀ ਹੋਈ ਸੋਧ ਗਲਤੀ ਮੰਨੀ ਜਾਵੇਗੀ।

(ਙ) ਸ਼ਬਦ ਗਿਣਦੇ ਸਮੇਂ ਗਿਣਤੀ ਸਟਰੋਕਾਂ ਦੀ ਥਾਂ ਸ਼ਬਦਾਂ ਦੀ ਹੀ ਕੀਤੀ ਜਾਵੇਗੀ।

(ਚ) ਸਾਫਟਵੇਅਰ ਵਿੱਚ Highlight ਕੀਤੇ ਗਏ ਸ਼ਬਦ ਨੂੰ ਟਾਈਪ ਨਾ ਕਰਨ ‘ਤੇ ਗ਼ਲਤੀ ਮੰਨੀ ਜਾਵੇਗੀ।

(ਛ) ਟਾਈਪ ਕੀਤੇ ਹੋਏ ਸ਼ਬਦ ਦੀ ਸੋਧ, ਸਪੇਸ (Space) ਦੱਬਣ ਤੋਂ ਪਹਿਲਾ-ਪਹਿਲਾ ਹੀ ਕੀਤੀ ਜਾ ਸਕਦੀ ਹੈ।

**Controller of Examination (CoE),**
**Thapar University, Patiala**